# ਸੈਂਟਰਲ ਵੈਲੀ ਰੀਜ਼ਨਲ ਵਾਟਰ ਕੁਆਲਿਟੀ ਕੰਟਰੋਲ ਬੋਰਡ

## ਜਨਤਕ ਨੋਟਿਸ:
## ਪ੍ਰਸਤਾਵਿਤ ਪੈਟਰੋਲੀਅਮ ਭੂਮੀਗਤ ਸਟੋਰੇਜ ਟੈਂਕ ਕੇਸ ਬੰਦ ਕਰਨਾ

**ਜਨਤਾ ਵੱਲੋਂ ਟਿੱਪਣੀ ਕਰਨ ਦੀ ਮਿਆਦ:** 22 ਅਪ੍ਰੈਲ ਤੋਂ 21 ਜੂਨ 2024 ਤੱਕ (60 ਦਿਨ)

**QUESTION MARKET; 973 N. TOWNSHIP ROAD, YUBA CITY, SUTTER COUNTY; LUST CASE #510094, GLOBAL ID #T0610100086**

ਸੈਂਟਰਲ ਵੈਲੀ ਰੀਜ਼ਨਲ ਵਾਟਰ ਕੁਆਲਿਟੀ ਕੰਟਰੋਲ ਬੋਰਡ (ਸੈਂਟਰਲ ਵੈਲੀ ਵਾਟਰ ਬੋਰਡ) ਨੇ ਕ੍ਵੇਸ਼ਨ ਮਾਰਕੀਟ (Question Market) ਵਿਖੇ ਲੀਕ ਭੂਮੀਗਤ ਸਟੋਰੇਜ਼ ਟੈਂਕ (Underground Storage Tank, UST) ਕੇਸ ਦੇ ਪ੍ਰਸਤਾਵਿਤ ਕੇਸ ਬੰਦ ਕਰਨ ਤੇ ਜਨਤਾ ਵੱਲੋਂ ਕਿਸੇ ਤਰ੍ਹਾਂ ਦੀ ਟਿੱਪਣੀ ਨੂੰ ਸੱਦਾ ਦਿੱਤਾ ਹੈ, ਜੋ ਕਿ (ਸੰਪੱਤੀ) ਯੂਬਾ ਸ਼ਹਿਰ, CA ਵਿਖੇ 973 N. ਟਾਊਨਸ਼ਿਪ ਰੋਡ 'ਤੇ ਸਥਿਤ ਹੈ। ਇੱਕ ਨਕਸ਼ਾ ਜੋ ਤਫ਼ਤੀਸ਼ ਖੇਤਰ ਅਤੇ ਪੇਟਰੋਲੀਅਮ ਦੇ ਪਾਣੀ ਨੂੰ ਭੂਮਿ ਦੇ ਪਾਣੀ ਤੇ ਪ੍ਰਭਾਵ ਦੀ ਮੌਜੂਦਾ ਬਾਕੀ ਸੀਮਾ ਨੂੰ ਦਿਖਾ ਰਿਹਾ ਹੈ, ਉਹ ਚਿੱਤਰ 1 ਵਜੋਂ ਨੱਥੀ ਕੀਤਾ ਗਿਆ ਹੈ।

ਸੰਪਤੀ ਵਰਤਮਾਨ ਵਿੱਚ ਇੱਕ ਸੁਵਿਧਾ ਸਟੋਰ ਦੇ ਤੌਰ ਤੇ ਚਲਾਈ ਜਾਂਦੀ ਹੈ। 1999 ਵਿੱਚ, ਪੂਰਵ ਸੰਪਤਿ ਮਾਲਕ ਨੇ ਸੰਪਤਿ ਤੋਂ ਦੋ 1,000-ਗੈਲਨ ਗੈਸੋਲੀਨ UST ਨੂੰ ਹਟਾ ਦਿੱਤਾ ਸੀ। UST ਦੇ ਹੇਠਾਂ ਮਿੱਟੀ ਵਿੱਚ ਪਾਇਆ ਗਿਆ ਗੈਸੋਲੀਨ, ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ UST ਲੀਕ ਹੋ ਗਿਆ ਸੀ। 2001 ਤੋਂ 2016 ਤੱਕ, ਪੂਰਵ ਸੰਪਤਿ ਮਾਲਕ ਅਤੇ ਉਨ੍ਹਾਂ ਦੇ ਵੱਖ-ਵੱਖ ਸਲਾਹਕਾਰਾਂ ਨੇ ਸੰਪਤਿ ਦੇ ਹੇਠਾਂ ਦੀ ਮਿੱਟੀ ਅਤੇ ਜ਼ਮੀਨੀ ਪਾਣੀ ਵਿੱਚ ਗੈਸੋਲੀਨ ਦੀ ਸੀਮਾ ਦਾ ਮੁਲਾਂਕਣ ਕਰਨ ਲਈ ਕੁੱਲ 16 ਜ਼ਮੀਨੀ ਪਾਣੀ ਦੀ ਨਿਗਰਾਨੀ ਕਰਨ ਵਾਲੇ ਖੂਹ ਅਤੇ ਉੱਨਤ 27 ਬੋਰਿੰਗ ਸਥਾਪਤ ਕੀਤੇ। ਪੂਰਵ ਮਾਲਕ ਨੇ ਸੰਪਤਿ ਦੇ ਹੇਠਾਂ ਦੀ ਜ਼ਮੀਨ ਤੋਂ ਪ੍ਰਦੂਸ਼ਿਤ ਜ਼ਮੀਨੀ ਪਾਣੀ ਅਤੇ ਗੈਸੋਲੀਨ ਵਾਸ਼ਪ ਨੂੰ ਹਟਾਉਣ ਲਈ ਆਠ ਉਪਚਾਰ ਖੂਹ ਵੀ ਲਗਾਏ ਸਨ। ਇਹ ਸਫਾਈ ਉਪਰਾਲਿਆਂ ਦੁਆਰਾ ਕੁੱਲ ਮਿਲਾ ਕੇ 4,900 ਪੌਂਡ ਗੈਸੋਲੀਨ ਅਤੇ ਸੰਪਤਿ ਦੇ ਹੇਠਾਂ ਤੋਂ 3 ਮਿਲੀਅਨ ਗੈਲਨ ਤੋਂ ਵੱਧ ਪ੍ਰਦੂਸ਼ਿਤ ਜ਼ਮੀਨੀ ਪਾਣੀ ਨੂੰ ਹਟਾਇਆ ਗਿਆ।

ਸੈਂਟਰਲ ਵੈਲੀ ਵਾਟਰ ਬੋਰਡ ਦੇ ਸਟਾਫ ਨੇ ਸੁਨਿਸ਼ਚਿਤ ਕੀਤਾ ਹੈ ਕਿ ਜ਼ਮੀਨ ਵਿੱਚ ਗੈਸੋਲੀਨ ਦੀ ਬਚੀ ਹੋਈ ਮਾਤਰਾ ਮਨੁੱਖੀ ਸਿਹਤ, ਵਾਤਾਵਰਣ ਜਾਂ ਭਵਿੱਖ ਦੀਆਂ ਸੰਪੱਤੀ ਗਤੀਵਿਧੀਆਂ ਲਈ ਖਤਰਾ ਨਹੀਂ ਬਣਦੀਆਂ ਹਨ। ਸੰਪਤਿ ਦੇ ਹੇਠਾਂ ਅਤੇ ਆਸ ਪਾਸ ਦੇ ਜ਼ਮੀਨੀ ਪਾਣੀ ਵਿੱਚ ਬਾਕੀ ਗੈਸੋਲੀਨ ਕੁਦਰਤੀ ਤੌਰ ਤੇ ਇੱਕ ਵਾਜਬ ਸਮੇਂ ਦੇ ਅੰਦਰ ਖਤਮ ਹੋ ਜਾਵੇਗਾ। ਘੱਟ ਖਤਰੇ ਦੇ ਕਾਰਨ, ਸੈਂਟਰਲ ਵੈਲੀ ਵਾਟਰ ਬੋਰਡ ਦਾ ਸਟਾਫ ਕੈਲੀਫੋਰਨੀਆ ਦੀ ਘੱਟ-ਖਤਰੇ ਵਾਲੇ UST ਕੇਸ ਬੰਦ ਕਰਨ ਦੀ ਨੀਤੀ ਦੇ ਤਹਿਤ ਕੇਸ ਬੰਦ ਕਰਨ ਦੀ ਸਿਫ਼ਾਰਿਸ਼ ਕਰਦਾ ਹੈ। ਸੈਂਟਰਲ ਵੈਲੀ ਵਾਟਰ ਬੋਰਡ ਦਾ ਸਟਾਫ ਕੇਸ ਨੂੰ ਬੰਦ ਕਰਨ ਤੋਂ ਪਹਿਲਾਂ ਜਨਤਾ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਤੇ ਵਿਚਾਰ ਕਰੇਗਾ।

### ਵਧੇਰੀ ਜਾਣਕਾਰੀ ਲਈ

ਤੁਸੀਂ ਸਟੇਟ ਵਾਟਰ ਰਿਸੋਰਸਜ਼ ਕੰਟਰੋਲ ਬੋਰਡ ਦੀ ਜੀਓਟ੍ਰੈਕਰ ਵੈੱਬਸਾਈਟ (https://geotracker.waterboards.ca.gov/) ਤੇ ਵਾਧੂ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਜੇਕਰ ਤੁਹਾਡੇ ਕੋਲ ਇਸ ਜਨਤਕ ਨੋਟਿਸ ਬਾਰੇ ਜਾਂ ਕ੍ਵੇਸ਼ਨ ਮਾਰਕੀਟ (Question Market) ਵਿਖੇ ਵਾਤਾਵਰਨ ਸਫਾਈ ਗਤੀਵਿਧੀਆਂ ਬਾਰੇ ਕੋਈ

ਟਿੱਪਣੀਆਂ ਜਾਂ ਸਵਾਲ ਹਨ ਤਾਂ ਕਿਰਪਾ ਕਰਕੇ ਸੈਂਟਰਲ ਵੈਲੀ ਵਾਟਰ ਬੋਰਡ ਦੇ ਐਲਨ ਐਮ. ਬੁਏਲਰ (Alan M. Buehler) ਨਾਲ ਸੰਪਰਕ ਕਰੋ:

Alan M. Buehler
Central Valley Regional Water Quality Control Board
11020 Sun Center Drive, Suite 200
Rancho Cordova, CA 95670
(916) 464-4615
alan.buehler@waterboards.ca.gov

## ਭਾਸ਼ਾ ਸੇਵਾਵਾਂ

ਇਹ ਨੋਟਿਸ ਅੰਗਰੇਜ਼ੀ ਅਤੇ ਸਪੈਨਿਸ਼ ਭਾਸ਼ਾ ਵਿੱਚ ਉਪਲਬਧ ਹੈ। ਕਿਸੇ ਲਿਖਤੀ ਦਸਤਾਵੇਜ਼ ਜਾਂ ਵਿਆਖਿਆ ਸੇਵਾਵਾਂ ਦੇ ਅਨੁਵਾਦ ਕਰਵਾਉਣ ਦੀ ਬੇਨਤੀ ਕਰਨ ਲਈ ਜਾਂ ਪ੍ਰਸਤਾਵਿਤ ਜਨਤਕ ਕਾਰਵਾਈ ਦਾ ਕੇਸ ਬੰਦ ਕਰਨ ਬਾਰੇ ਵਾਟਰ ਬੋਰਡ ਦੇ ਸਟਾਫ ਨਾਲ ਸੰਪਰਕ ਕਰਨ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਵਿਕਲਪਾਂ ਵਿੱਚੋਂ ਕਿਸੇ ਇੱਕ ਦੀ ਵਰਤੋਂ ਕਰੋ:

- ਭਾਸ਼ਾ ਸੇਵਾਵਾਂ ਦੀ ਬੇਨਤੀ (https://bit.ly/RequestLanguageServices) ਆਨਲਾਈਨ ਸਬਮਿਟ ਕਰੋ।
- ਜੰਤਕ ਭਾਗੀਦਾਰੀ ਦੇ ਦਫ਼ਤਰ (Office of Public Participation) ਨੂੰ (916) 341-5254 ਤੇ ਕਾਲ ਕਰੋ।
- ਜੰਤਕ ਭਾਗੀਦਾਰੀ ਦੇ ਦਫ਼ਤਰ (Office of Public Participation) ਨੂੰ OPP-languageServices@Waterboards.ca.gov ਤੇ ਈਮੇਲ ਕਰੋ।

## ਨਾ ਸੁਣਨ ਵਾਲੇ ਲੋਕਾਂ ਲਈ ਨੋਟਿਸ

TDD ਉਪਯੋਗਕਰਤਾ ਜਨਤਕ ਭਾਗੀਦਾਰੀ ਮਾਹਰ (Public Participation Specialist) ਤੱਕ ਪਹੁੰਚਣ ਲਈ ਕੈਲੀਫੋਰਨੀਆ ਸਟੇਟ ਰੀਲੇਅ ਸਰਵਿਸ (California State Relay Service) ਨੂੰ (800) 735-2929 ਤੇ ਫ਼ੋਨ ਕਰਕੇ ਸਾਈਟ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਨੂੰ ਕ੍ਵੇਸ਼ਨ ਮਾਰਕੀਟ (Question Market) ਦੇ ਪ੍ਰਸਤਾਵਿਤ UST ਕੇਸ ਬੰਦ ਕਰਨ ਲਈ ਜਨਤਕ ਨੋਟਿਸ ਦੇ ਸਬੰਧ ਵਿੱਚ (916) 464-3291 ਤੇ ਸੈਂਟਰਲ ਵੈਲੀ ਵਾਟਰ ਬੋਰਡ ਨਾਲ ਸੰਪਰਕ ਕਰਨ ਲਈ ਕਹੋ।

## ਅਟੈਚਮੈਂਟ

ਚਿੱਤਰ 1: ਸਾਈਟ ਦਾ ਨਕਸ਼ਾ ਜੋ ਦਰਸ਼ਾਂਉਂਦਾ ਹੈ ਕਿ ਜ਼ਮੀਨੀ ਪਾਣੀ ਵਿੱਚ ਪੈਟਰੋਲੀਅਮ ਦੀ ਮੌਜੂਦਾ ਬਚੀ ਹੋਈ ਮਾਤਰਾ ਪਾਣੀ ਦੀ ਗੁਣਵੱਤਾ ਦੇ ਉਦੇਸ਼ਾਂ ਤੋਂ ਉੱਪਰ ਹੈ।




**ਚਿੱਤਰ 1**
ਸਾਈਟ ਨਕਸ਼ਾ
ਕ੍ਵੇਸ਼ਨ ਮਾਰਕੀਟ (Question Market)
973 N. ਟਾਊਨਸ਼ਿਪ ਰੋਡ, ਯੂਬਾ ਸ਼ਹਿਰ (973 N. Township Rd, Yuba City)